بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 22.03.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**23 ਮਾਰਚ ਦਾ ਦਿਨ ਜਮਾਤ ਵਿੱਚ ਯੌਮਿ ਮਸੀਹ ਮੌਊਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਨੇ ਇਹ ਐਲਾਨ ਕੀਤਾ ਕਿ ਮੈਂ ਉਹੋ ਹੀ ਮਸੀਹ ਮੌਊਦ ਅਤੇ ਮਹਦੀ ਮਾਹੂਦ ਹਾਂ ਜਿਸਦੀ ਖ਼ਬਰ ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਦਿੱਤੀ ਸੀ ਅਤੇ ਇਉਂ ਆਪਨੇ ਬੈਅਤ ਲੈਂਣ ਦਾ ਕਾਰਜ ਅਰੰਭ ਕੀਤਾ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 22 ਮਾਰਚ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮੋਰਡਨ ਲੰਦਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਕੱਲ 23 ਮਾਰਚ ਹੈ ਅਤੇ ਇਹ ਦਿਨ ਜਮਾਤ ਵਿੱਚ ਯੌਮਿ ਮਸੀਹ ਮੌਊਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਨੇ ਇਹ ਐਲਾਨ ਕੀਤਾ ਕਿ ਮੈਂ ਉਹੋ ਮਸੀਹ ਮੌਊਦ ਤੇ ਮਹਦੀ ਮਾਹੂਦ ਹਾਂ ਜਿਸਦੀ ਖ਼ਬਰ ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਦਿੱਤੀ ਸੀ ਅਤੇ ਇਉਂ ਆਪਨੇ ਬੈਅਤ ਲੈਂਣ ਦਾ ਕਾਰਜ ਅਰੰਭ ਕੀਤਾ । ਇਸ ਸਮੇਂ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹੀ ਕੁਝ ਫ਼ਰਮਾਨ ਪੇਸ਼ ਕਰਾਂਗਾ ਜਿੰਨ੍ਹਾ ਵਿੱਚ ਆਪ ਨੇ ਮਸੀਹ ਮੌਊਦ ਦੇ ਆਉਣ ਦੀ ਲੋੜ ਤੇ ਜ਼ਮਾਨੇ ਦੇ ਹਾਲਾਤ ਅਤੇ ਆਪਣੇ ਦਾਵੇ ਬਾਰੇ ਦੱਸਿਆ ਹੈ ।

ਜ਼ਮਾਨੇ ਦੀ ਅਵਸਥਾ ਅਭਿਲਾਖੀ ਸੀ ਕਿ ਕੋਈ ਆਏ ਜੋ ਇਸਲਾਮ ਦੀ ਡੋਲਦੀ ਹੋਈ ਬੇੜੀ ਨੂੰ ਸੰਭਾਲੇ ਪਰ ਬਦਕਿਸਮਤੀ ਨਾਲ ਮੁਸਲਮਾਨ ਵਿਦਵਾਨਾਂ (ਮੌਲਵੀਆਂ) ਦੀ ਬਹੁਗਿਣਤੀ ਨੇ ਜੋ ਪਹਿਲਾਂ ਇਸ ਉਡੀਕ ਵਿੱਚ ਸਨ ਕਿ ਕੋਈ ਮਸੀਹ ਆਏ ਪਰ ਆਪ ਦੇ ਦਾਵੇ ਦੇ ਬਾਦ ਬਹੁਤਿਆਂ ਨੇ ਵਿਰੋਧਤਾ ਕੀਤੀ ਅਤੇ ਸਾਧਾਰਣ ਮੁਸਲਮਾਨਾ ਨੂੰ ਝੂਠੀਆਂ ਕਹਾਣੀਆਂ ਸੁਣਾਕੇ ਆਪਦੇ ਅਤੇ ਆਪਦੀ ਜਮਾਤ ਦੇ ਖ਼ਿਲਾਫ਼ ਐਨ੍ਹਾ ਭੜਕਾਇਆ ਕਿ ਕਤਲ ਦੇ ਫ਼ਤਵੇ ਦਿੱਤੇ ਜਾਣ ਲੱਗੇ । ਅੱਜ ਤੱਕ ਅਹਮਦੀਆਂ ਉਪੱਰ ਕਈ ਥਾਈਂ ਇਸਲਾਮ ਦੇ ਨਾਂ'ਤੇ ਜ਼ੁਲਮ, ਅਤਿਆਚਾਰ, ਮਾਰਧਾੜ

ਤੇ ਕਤਲ ਗੀਰੀ ਦੀਆਂ ਅਜਿਹੀਆਂ ਭਿਆਨਕ ਵਾਰਦਾਤਾਂ ਕੀਤੀਆਂ ਜਾ ਰਹੀਆਂ ਹਨ ਕਿ ਇਸਲਾਮ ਦੀ ਵਾਸਤਵਿਕਤਾ ਜਾਨਣ ਵਾਲੇ ਕਦੇ ਅਜਿਹਾ ਸੋਚ ਵੀ ਨਹੀਂ ਸਕਦੇ ਅਤੇ ਕਦੇ ਉਹਨਾਂ ਤੋਂ ਅਜਿਹੀ ਹਰਕਤਾਂ ਵਾਪਰ ਹੀ ਨਹੀਂ ਸਕਦੀਆਂ । ਇਸ ਗੱਲ ਨੂੰ ਦਸਦਿਆਂ ਹੋਇਆਂ ਕਿ ਮਸੀਹ ਮੌਊਦ ਦੇ ਆਉਣ ਦੀ ਲੋੜ ਕਿਉਂ ਹੈ ਅਤੇ ਮਸੀਹ ਨੂੰ ਇਸ ਜ਼ਮਾਨੇ ਨਾਲ ਕੀ ਵਿਸ਼ੇਸ਼ਤਾ ਹੈ ਆਪ ਫ਼ਰਮਾਉਂਦੇ ਹਨ ਕਿ ਕੁਰਆਨ ਸ਼ਰੀਫ਼ ਨੇ ਇਸਰਾਈਲੀ ਅਤੇ ਇਸਮਾਈਲੀ ਦੋ ਸਿਲਸਿਲਿਆਂ ਵਿੱਚ ਖ਼ਿਲਾਫ਼ਤ ਦੀ ਸਮਾਨਤਾ ਦਾ ਖੁਲੱਾ ਖੁਲੱਾ ਸੰਕੇਤ ਦਿਤੱਾ ਹੈ ਜਿਵੇਂ ਕਿ ਇਸ ਆਇਤ ਤੋਂ ਪ੍ਰਕਟ ਹੈ :

وَعَدَ اللّٰهُ الَّذِيْنَ اٰمَنُوْا مِنْكُمْ وَعَمِلُوا الصّٰلِحٰتِ لَيَسْتَخْلِفَنَّهُمْ فِي الْاَرْضِ كَمَا اسْتَخْلَفَ الَّذِيْنَ مِنْ قَبْلِهِمْ

ਆਪ ਫ਼ਰਮਾਉਂਦੇ ਹਨ ਕਿ ਇਸਰਾਈਲੀ ਸਿਲਸਿਲੇ ਦਾ ਅੰਤਮ ਖ਼ਲੀਫ਼ਾ ਜੋ ਚੌਦਵੀਂ ਸਦੀ'ਤੇ ਹਜ਼ਰਤ ਮੂਸਾ ਅਲੈਹਿ ਸਲਾਮ ਦੇ ਬਾਦ ਆਇਆ ਸੀ ਉਹ ਮਸੀਹ ਨਾਸਰੀ (ਈਸਾ ਅਲੈਹਿ ਸਲਾਮ) ਸੀ, ਟਾਕਰੇ ਵਿੱਚ ਜ਼ਰੂਰੀ ਸੀ ਕਿ ਇਸ ਉਮੱਤ (ਇਸਲਾਮ) ਦਾ ਮਸੀਹ ਵੀ ਚੌਦਵੀ ਸਦੀ ਦੇ ਸਿਰੇ'ਤੇ ਆਵੇ । ਇਸ ਤੋਂ ਕਸ਼ਫ਼ (ਦਿਵਦ੍ਰਿਸ਼ਟਾ) ਦੇਖਣ ਵਾਲਿਆਂ ਨੇ ਇਸ ਸਦੀ ਨੂੰ ਮਸੀਹ ਦੇ ਪ੍ਰਕਟ ਹੋਣ ਦਾ ਸਮਾਂ ਦਸਿਆ ਹੈ ਜਿਵੇਂ ਕਿ ਹਜ਼ਰਤ ਸ਼ਾਹ ਵਲੀਉਲੱਾਹ ਸਾਹਬ ਆਦਿ ਅਹਿਲੇ ਹਦੀਸ ਦਾ ਸੰਜੋਗ ਹੋ ਚੁਕਾ ਹੈ ਕਿ ਜ਼ਮਾਨੇ ਦੀਆਂ ਛੋਟੀਆਂ ਤੇ ਵੱਡੀਆਂ ਅਲਾਮਤਾਂ ਤਾਂ ਇਕ ਹੱਦ ਪ੍ਰਕਟ ਹੋ ਚੁਕੀਆਂ ਹਨ । ਸੋ, ਆਪ ਫ਼ਰਮਾਉਂਦੇ ਹਨ ਕਿ ਮਸੀਹ ਦੇ ਆਉਣ ਦੀਆਂ ਸਾਰੀਆਂ ਨਿਸ਼ਾਨੀਆਂ ਤਾਂ ਪੂਰੀਆਂ ਹੋ ਚੁੱਕੀਆਂ ਹਨ । ਆਉਣ ਵਾਲੇ ਮਸੀਹ ਮੌਊਦ ਦੀਆਂ ਨਿਸ਼ਾਨੀਆਂ ਦਸਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਆਉਣ ਵਾਲੇ ਦਾ ਇਕ ਨਿਸ਼ਾਨ ਇਹ ਵੀ ਹੈ ਕਿ ਇਸ ਜ਼ਮਾਨੇ ਵਿੱਚ ਰਮਜ਼ਾਨ ਦੇ ਮਹੀਨਿ ਵਿੱਚ ਕੁਸੂਫ਼ ਵ ਖ਼ੁਸੂਫ਼ (ਸੂਰਜ ਤੇ ਚੰਨ੍ਹ ਗ੍ਰਹਿਣ) ਹੋਵੇਗਾ । ਫ਼ਰਮਾਇਆ, ਕੁਸੂਫ਼ ਵ ਖ਼ੁਸੂਫ਼ ਦਾ ਇਸ ਦੇ ਦਾਵੇ ਦੇ ਬਾਦ ਹੋਣਾ ਇਕ ਅਜਿਹਾ ਕਾਰਜ ਸੀ ਜੋ ਝੂਠ ਤੇ ਬਣਾਵਟ ਤੋਂ ਦੂਰ ਦੀ ਗੱਲ ਹੈ । ਇਸ ਤੋਂ ਪਹਿਲਾਂ ਅਜਿਹਾ ਕੋਈ ਕੁਸੂਫ਼ ਵ ਖ਼ੁਸੂਫ਼ (ਸੂਰਚ ਚੰਨ ਗ੍ਰਹਿਣ) ਨਹੀਂ ਹੋਇਆ । ਇਹ ਇਕ ਨਿਸ਼ਾਨ ਸੀ ਜਿਸ ਨਾਲ ਰੱਬ ਨੇ ਸਾਰੀ ਦੁਨੀਆ ਵਿੱਚ ਆਉਣ ਵਾਲੇ ਦੀ ਘੋਸ਼ਣਾ ਕਰਨੀ ਸੀ । ਸੋ, ਅਰਬ ਵਾਸੀਆਂ ਨੇ ਵੀ ਇਸ ਨਿਸ਼ਾਨ ਨੂੰ ਦੇਖਿਆ ਅਤੇ ਆਪਣੇ ਮਜ਼ਾਕ ਅਨੁਸਾਰ ਇਸ ਨੂੰ ਠੀਕ ਕਿਹਾ, ਸਾਡੇ ਇਸ਼ਤਿਹਾਰ ਘੋਸ਼ਣਾ ਦੇ ਰੂਪ ਵਿੱਚ ਜਿੱਥੇ ਜਿੱਥੇ ਨਹੀਂ ਪਹੁੰਚ ਸਕਦੇ ਸੀ ਓਥੇ ਓਥੇ ਇਸ ਕੁਸੂਫ਼ ਵ ਖ਼ੁਸੂਫ਼ ਨੇ ਆਉਣ ਵਾਲੇ ਦੇ ਸਮੇਂ ਦੀ ਘੋਸ਼ਣਾ ਕਰ ਦਿੱਤੀ । ਇਹ ਰੱਬ ਦਾ ਨਿਸ਼ਾਨ ਸੀ ਜੋ ਮਨੁੱਖੀ ਮਨਸੂਬਿਆਂ ਤੋਂ ਪੂਰਨਤਾ ਪਾਕ ਸੀ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਵੀ ਇਹ ਫ਼ਰਮਾਇਆ ਕਿ ਆਦਮ ਤੋਂ ਲੈਕੇ ਇਸ ਮਹਦੀ ਤੱਕ ਕੋਈ ਅਜਿਹੀ ਘਟਨਾ ਨਹੀਂ ਹੋਈ । ਜੇਕਰ ਕੋਈ ਵਿਅਕਤੀ ਇਤਿਹਾਸ ਤੋਂ ਅਜਿਹਾ ਹੋਣਾ ਸਾਬਤ ਕਰ ਦੇਵੇ ਤਾਂ ਅਸੀਂ ਮਨ ਜਾਵਾਂਗੇ ।

ਫਿਰ ਆਪ ਫ਼ਰਮਾਉਂਦੇ ਹਨ ਕਿ ਇਕ ਹੋਰ ਨਿਸ਼ਾਨ ਇਹ ਵੀ ਸੀ ਕਿ ਇਸ ਸਮੇਂ ਸਤਾਰਾ ਜ਼ੁਸਨੀਨ ਪ੍ਰਕਟ ਕਰੇਗਾ ਅਰਥਾਤ ਉਹ ਸਤਾਰਾ ਜੋ ਮਸੀਹ ਨਾਸਰੀ ਦੇ ਦਿਨਾਂ ਵਿੱਚ ਪ੍ਰਕਟ ਹੋਇਆ ਸੀ । ਹੁਣ ਉਹ ਤਾਰਾ ਵੀ ਪ੍ਰਕਟ ਹੋ ਗਿਆ । ਇਸੇ ਪ੍ਰਕਾਰ ਕੁਰਆਨ ਕਰੀਮ ਦੇ ਅਧਿਐਨ ਤੋਂ ਪਤਾ ਲਗੱਦਾ ਹੈ ਕਿ :

وَاِذَا الْعِشَارُ عُطِّلَتْ ○ وَاِذَا الْوُحُوْشُ حُشِرَتْ ○ وَاِذَا الْبِحَارُ سُجِّرَتْ ○ وَاِذَا النُّفُوْسُ زُوِّجَتْ ○ وَاِذَا الْمَوْءٗدَةُ سُئِلَتْ ○ بِاَيِّ
ذَنْۢبٍ قُتِلَتْ ○ وَاِذَا الصُّحُفُ نُشِرَتْ ۝١٠

ਇਹ ਸਾਰੀਆਂ ਕੁਰਆਨ ਕਰੀਮ ਦੀਆਂ ਭਵਿੱਖਬਾਣੀਆਂ ਹਨ ਕਿ ਪਸ਼ੂ ਇਕਤੱਰ ਕੀਤੇ ਜਾਣਗੇ ਇਸ ਦੀ ਵਿਆਖਿਆ ਇਹ ਹੈ ਕਿ ਚਿੜਿਆ ਘਰ ਬਣਾਏ ਜਾਣਗੇ । ਸਿੱਖਿਆ ਆਮ ਹੋਕੇ ਸੰਸਾਰ ਵਿੱਚ ਫੈਲ ਗਈ । ਕਈ ਲੋਕਲ ਕੌਮਾ ਨੂੰ ਕਈ ਕੌਮਾ ਨੇ ਹਮਲੇ ਕਰਕੇ ਖਤਮ ਕਰ ਦਿਤੱਾ । ਫਿਰ ਸਾਗਰਾਂ ਦੇ ਮਿਲਾਏ ਜਾਣ ਦਾ ਵੀ ਵਰਨਣ ਹੈ, ਲੋਕਾਂ ਦੇ ਮਿਲਾਏ ਜਾਣ ਦਾ ਵੀ ਵਰਨਣ ਹੈ । ਫਿਰ ਇਹ ਕਿ ਇਸਤਰੀ ਉਪੱਰ ਜੋ ਅਤਿਆਚਾਰ ਉਸ ਸਮੇਂ ਹੁੰਦਾ ਸੀ, ਉਹ ਪ੍ਰਸ਼ਨ ਕਰੇਗੀ ਕਿ ਕਿਹੜੇ ਜੁਰਮ ਵਿੱਚ ਮੈਂਨੂੰ ਮਾਰਿਆ ਜਾ ਰਿਹਾ ਹੈ । ਪੁਸਤਕਾਂ ਪ੍ਰਕਾਸ਼ਤ ਕੀਤੀਆਂ ਜਾਣਗੀਆਂ । ਪ੍ਰੈਸ ਤੇ ਮੀਡੀਆ ਹੈ ਇਹ ਸਾਰੀਆਂ ਗਲੱਾਂ ਸਿੱਧ ਕਰਦੀਆਂ ਹਨ ਕਿ ਇਹ ਜ਼ਮਾਨਾ ਮਸੀਹ ਮੌਊਦ ਦੇ ਆਉਣ ਦਾ ਜ਼ਮਾਨਾ ਹੈ ਅਤੇ ਕੁਰਆਨ ਸ਼ਰੀਫ਼ ਵਿੱਚ ਇਸ ਦੀਆਂ ਭਵਿੱਖਬਾਣੀਆਂ ਮੌਜੂਦ ਹਨ ।

ਫਿਰ ਹੋਰ ਨਿਸ਼ਾਨੀਆਂ ਬਾਰੇ ਆਪ ਫ਼ਰਮਾਉਂਦੇ ਹਨ ਕਿ ਭਿੰਨ ਭਿੰਨ ਆਫ਼ਤਾਂ ਆਉਂਣਗੀਆਂ, ਹਾਦਸੇ ਹੋਣਗੇ । ਅਕਾਸ਼ੀ ਹਾਦਸਿਆਂ ਨੇ ਤਾਊਨ (ਪਲੇਗ) ਦੇ ਕਹਿਰ ਅਤੇ ਹੈਜ਼ੇ ਦੀ ਅਵਸਥਾ ਧਾਰ ਲਈ । ਤਾਊਨ (ਪਲੇਗ) ਅਜਿਹਾ ਖ਼ਤਰਨਾਕ ਉਹ ਅਜ਼ਾਬ (ਪ੍ਰਕੋਪ) ਹੈ ਜਿਸ ਨੇ ਸਰਕਾਰ ਨੂੰ ਕੰਬਾ ਕੇ ਰੱਖ ਦਿਤੱਾ ਅਤੇ ਬਹੁਤ ਭਿਆਨਕ ਤਬਾਹੀ ਫੈਲਾਈ । ਰੱਬ ਵੱਲੋਂ ਨਿਰਧਾਰਤ ਮਾਮੂਰ (ਸੁਧਾਰਕ) ਲਈ ਇਹ ਵੀ ਜ਼ਰੂਰੀ ਹੈ ਕਿ ਉਹ ਆਪਣੇ ਪ੍ਰਮਾਣ ਵਿੱਚ ਅਕਾਸ਼ੀ ਨਿਸ਼ਾਨ (ਚਮਤਕਾਰ) ਦਿਖਾਏ । ਫ਼ਰਮਾਇਆ ਕਿ ਇਕ ਲੇਖਰਾਮ ਦਾ ਨਿਸ਼ਾਨ ਕੀ ਕੁਝ ਘੱਟ ਸੀ । ਇਕ ਕੁਸ਼ਤੀ (ਘੋਲ) ਦੇ ਰੂਪ ਵਿੱਚ ਕਈ ਸਾਲ ਤੱਕ ਸ਼ਰਤ ਬੰਨ੍ਹੀ ਰਹੀ । ਫਿਰ ਅਜਿਹੀ ਘਟਨਾ ਵਾਪਰੀ, ਜਿਵੇਂ ਕਿ ਕਿਹਾ ਗਿਆ ਸੀ ਉਸ ਦੀ ਕੋਈ ਹੋਰ ਉਧਾਰਣ ਹੈ । ਫਿਰ ਧਰਮ ਮਹਾਉਤਸਵ ਬਾਰੇ ਵੀ ਕਈ ਦਿਨ ਪਹਿਲਾਂ ਐਲਾਨ ਕੀਤਾ ਗਿਆ ਕਿ ਸਾਨੂੰ ਰੱਬ ਨੇ ਸੂਚਨਾ ਦਿੱਤੀ ਹੈ ਕਿ ਸਾਡਾ ਲੇਖ ਸਾਰਿਆਂ ਉਪੱਰ ਗ਼ਾਲਬ ਰਹੇਗਾ । ਜਿੰਨ੍ਹਾ ਲੋਕਾਂ ਨੇ ਇਸ ਮਹਾਨ ਤੇ ਵਿਸ਼ਾਲ ਰੁਹਬ ਵਾਲੇ ਜਲਸੇ ਨੂੰ ਦੇਖਿਆ ਉਹ ਆਪ ਗ਼ੌਰ ਸਕਦੇ ਹਨ ਕਿ ਅਜਿਹੇ ਜਲਸੇ ਵਿੱਚ ਗ਼ਲਬਾ (ਵਿਜੈ) ਪਾਉਣ ਦੀ ਸਮੇਂ ਤੋਂ ਪਹਿਲਾਂ ਖ਼ਬਰ ਦੇਣੀ ਕੋਈ ਅਟਕਲ ਪਚੂੱ ਜਾਂ ਫੋਕਾ ਵਿਚਾਰ ਨਹੀਂ ਸੀ । ਫਿਰ ਅਖੀਰ ਉਹੋ ਹੋਇਆ ਜਿਵੇਂ ਕਿ ਕਿਹਾ ਗਿਆ ਸੀ ਅਤੇ ਗ਼ੈਰਾਂ ਨੇ ਵੀ ਇਸ ਲੇਖ ਦੇ ਸਭ ਤੋਂ ਉਤੱਮ ਰਹਿਣ ਦਾ ਕਰਾਰ ਕੀਤਾ ।

ਫਿਰ ਆਪ ਇਲਾਹੀ ਮਾਮੂਰ (ਸੁਧਾਰਕ) ਹੋਣ ਦਾ ਪ੍ਰਮਾਣ ਪੇਸ਼ ਕਰਦਿਆਂ ਹੋਇਆਂ ਹੋਰ ਫ਼ਰਮਾਉਂਦੇ ਹਨ ਕਿ ਭਾਵੇਂ ਇਸ ਸਮੇਂ ਮੇਰੇ ਮਾਮੂਰ (ਸੁਧਾਰਕ) ਹੋਣ ਬਾਰੇ ਬਹੁਤ ਸਾਰੇ ਪ੍ਰਮਾਣ ਹਨ । ਪਹਿਲਾ ਅੰਦਰੂਨੀ ਗਵਾਹੀਆਂ ਦੂਜਾ ਬਾਹਰੀ ਗਵਾਹੀਆਂ ਤੀਜਾ ਸਦੀ ਦੇ ਸਿਰ ਉਪੱਰ ਆਉਣ ਵਾਲੇ ਮੁਜਦੱਦ ਬਾਰੇ ਹਦੀਸ ਸ਼ਰੀਫ਼ ਵਿੱਚ ਵਰਨਣ ਚੌਥਾ انانحن نزلنا الذکر وانالہ لحافظون۔ ਦਾ ਵਾਦਾ ਸੁਰੱਖਿਆ । ਹੁਣ ਪੰਜਵਾਂ ਅਤੇ ਠੋਸ ਪ੍ਰਮਾਣ ਮੈਂ ਹੋਰ ਪੇਸ਼ ਕਰ ਦਿੰਦਾ ਹਾਂ ਅਤੇ ਉਹ ਸੂਰਤ ਨੂਰ ਵਿੱਚ ਵਾਦਾ 'ਇਸਤਖ਼ਲਾਫ਼' ਹੈ ਇਸ ਵਿੱਚ ਰੱਬ ਫ਼ਰਮਾਉਂਦਾ ਹੈ ਪਹਿਲਾਂ ਵੀ ਵਰਨਣ ਹੋ ਗਿਆ ਹੈ ਕਿ :

وَعَدَ اللّٰهُ الَّذِيْنَ اٰمَنُوْا مِنْكُمْ وَعَمِلُوا الصّٰلِحٰتِ لَيَسْتَخْلِفَنَّهُمْ فِي الْاَرْضِ كَمَا اسْتَخْلَفَ الَّذِيْنَ مِنْ قَبْلِهِمْ

ਇਸ ਆਇਤ ਵਿੱਚ ਵਾਦਾਇ ਇਸਤਖ਼ਲਾਫ਼ ਅਨੁਸਾਰ ਜੋ ਖ਼ਲੀਫ਼ੇ ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਿਲਸਿਲੇ ਵਿੱਚ ਹੋਣਗੇ ਉਹ ਪਹਿਲੇ ਖ਼ਲੀਫ਼ਿਆਂ ਵਾਂਗ ਹੋਣਗੇ । ਇਸੇ ਪ੍ਰਕਾਰ ਕੁਰਆਨ ਸ਼ਰੀਫ਼ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਮੂਸਾ ਦੇ ਆਦਰਸ਼ ਅਨੁਸਾਰ ਦੱਸਿਆ ਗਿਆ ਜਿਵੇਂ ਕਿ ਫ਼ਰਮਾਇਆ :

انا ارسلنا الیکم رسولا شاھدا علیکم کما ارسلنا الی فرعون رسولا۔

ਇਸ ਆਦਰਸ਼ ਵਿੱਚ ਜਿਵੇਂ 'ਕਮਾ' ਦਾ ਸ਼ਬਦ ਵਰਤਿਆ ਗਿਆ ਹੈ ਉਸੇ ਪ੍ਰਕਾਰ ਸੂਰਤ ਨੂਰ ਵਿੱਚ ਵੀ 'ਕਮਾ' ਦਾ ਸ਼ਬਦ ਵਰਤਿਆ ਗਿਆ ਹੈ, ਜਿਸ ਤੋਂ ਸਾਫ਼ ਪ੍ਰਕਟ ਹੁੰਦਾ ਹੈ ਕਿ ਮੂਸਵੀ ਸਿਲਸਿਲਾ (ਮੂਸਾ ਅਲੈਹਿ ਸਲਾਮ ਦੀ ਕੌਮ) ਅਤੇ ਮੁਹਮੱਦੀ ਸਿਲਸਿਲਾ (ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਕੌਮ) ਵਿੱਚ ਆਦਰਸ਼ਾਂ ਦੀ ਸਾਮਾਨਤਾ ਤੇ ਮੇਲ (ਮਿਲਾਨ) ਹੈ । ਮੂਸਵੀ ਸਿਲਸਿਲੇ ਦੇ ਖ਼ਲੀਫ਼ਿਆਂ ਦਾ ਸਿਲਸਿਲਾ ਹਜ਼ਰਤ ਈਸਾ ਅਲੈਹਿ ਸਲਾਮ ਦੇ ਆਉਣ'ਤੇ ਖ਼ਤਮ ਹੋ ਗਿਆ ਸੀ ਅਤੇ ਉਹ ਹਜ਼ਰਤ ਮੂਸਾ ਅਲੈਹਿ ਸਲਾਮ ਦੇ ਬਾਦ ਚੌਦਵੀਂ ਸਦੀ ਵਿੱਚ ਆਏ ਸਨ, ਇਸ ਸਮਾਨਤਾ ਦੇ ਪੱਖੋਂ ਘੱਟੋ ਘੱਟ ਐਨ੍ਹਾ ਤਾਂ ਜ਼ਰੂਰੀ ਹੈ ਕਿ ਚੌਦਵੀਂ ਸਦੀ ਵਿੱਚ ਇਕ ਖ਼ਲੀਫ਼ਾ ਇਸੇ ਰੂਪ ਤੇ ਸ਼ਕਤੀ ਦਾ ਪੈਦਾ ਹੋਵੇ ਜੋ ਮਸੀਹ ਨਾਲ ਸਮਾਨਤਾ ਰਖੱਦਾ ਹੋਵੇ ਅਤੇ ਉਸ ਅਨੁਸਾਰ ਤੇ ਪੈੜ੍ਹਾਂ'ਤੇ ਹੋਵੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਜੋ ਬੀਤੇ ਜੁਮਏ ਦੇ ਦਿਨ ਨਿਊਜ਼ੀਲੈਂਡ ਵਿੱਚ ਜੋ ਘਟਨਾ ਵਾਪਰੀ ਉਸ ਬਾਰੇ ਕੁਝ ਆਖਣਾ ਚਾਹੁੰਦਾ ਹਾਂ, ਬੀਤੇ ਜੁਮਏ ਹੀ ਆਖਣਾ ਸੀ ਪਰ ਉਹ ਅੰਤ ਵਿੱਚ ਸੋਚ'ਚੋਂ ਨਿਕਲ ਗਿਆ, ਸੋ, ਇਸ ਤੋਂ ਬਾਦ ਇਕ ਪੈਸ ਰਿਲੀਜ਼ ਕਰਵਾ ਦਿੱਤੀ ਸੀ ਜਿੱਥੇ ਜਮਾਤ ਵੱਲੋਂ ਇਸ'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਸੀ, ਕਈ ਬੇਗੁਨਾਹ ਤੇ ਮਾਸੂਮ ਅਤੇ ਬੱਚੇ ਧਾਰਮਕ ਤੇ ਕੌਮੀ ਘ੍ਰਿਣਾ ਦੀ ਭੇਂਟ ਚੜ੍ਹ ਗਏ ਅਤੇ ਸ਼ਹੀਦ ਕੀਤੇ ਗਏ । ਰੱਬ ਇਹਨਾ'ਤੇ ਆਪਣੀ ਮਿਹਰ ਕਰੇ ਅਤੇ ਇਹਨਾਂ ਦੇ ਪਿੱਛੇ ਰਹਿ ਜਾਣ ਵਾਲਿਆਂ ਨੂੰ ਸਬਰ ਤੇ ਸਹਿਨਸ਼ੀਲਤਾ ਪ੍ਰਦਾਨ ਕਰੇ ।

ਇਸ ਮੌਕੇ ਕੁਝ ਹੋਰ ਗਲੱਾਂ ਵੀ ਬਾਦ ਵਿੱਚ ਆ ਗਈਆਂ ਕਿ ਨੀਊਜ਼ੀਲੈਂਡ ਦੀ ਸਰਕਾਰ ਨੇ ਅਤੇ ਵਿਸ਼ੇਸ਼ ਰੂਪ ਵਿੱਚ ਪ੍ਰਧਾਨ ਮੰਤਰੀ ਨੇ ਜੋ ਉੱਤਮ ਆਚਰਣ ਦਾ ਪ੍ਰਗਟਾਵਾ ਕੀਤਾ ਹੈ ਅਤੇ ਸਰਕਾਰ ਦਾ ਕਰਤਵ ਪੂਰੇ ਕਰਨ ਦਾ ਹੱਕ ਪੂਰਾ ਕੀਤਾ ਹੈ ਉਹ ਵੀ ਆਪਣੀ ਉਧਾਰਣ ਆਪ ਹੈ । ਕਾਸ਼ ! ਮੁਸਲਮਾਨ ਹੁਕੂਮਤਾਂ ਵੀ ਇਸ ਤੋਂ ਸਬਕ ਲੈਂਣ ਅਤੇ ਧਾਰਮਕ ਘ੍ਰਿਣਾ ਨੂੰ ਖਤਮ ਕਰਨ ਵਿੱਚ ਆਪਣਾ ਕਿਰਦਾਰ ਨਿਭਾਉਣ ਵਾਲੀਆਂ ਹੋਣ । ਉੱਥੇ ਜਨਤਾ ਨੇ ਵੀ ਪੂਰਾ ਸਾਥ ਦਿਤੱਾ ਹੈ । ਰੱਬ ਇਹਨਾਂ ਨੇਕੀਆਂ ਨੂੰ ਕੁਬੂਲ ਕਰਦਿਆਂ ਹੋਇਆਂ ਉਹਨਾਂ ਨੂੰ ਸਚੱਾਈ ਤੇ ਹੱਕ ਨੂੰ ਪਹਿਚਾਨਣ ਦੀ ਵੀ ਤੌਫ਼ੀਕ ਪ੍ਰਦਾਨ ਕਰੇ ।

ਓਥੇ ਮਸਜਿਦ ਵਿੱਚ ਜੋ ਲੋਕ ਸਨ, ਉਹਨਾਂ ਵਿੱਚੋਂ ਇਕ ਇਸਤਰੀ ਦਾ ਇੰਟਰਵੀਊ ਟੀਵੀ ਉਪੱਰ ਆ ਰਿਹਾ ਸੀ । ਉਸ ਨੇ ਅਸਾਧਾਰਣ ਸਬਰ ਤੇ ਹੌਂਸਲਾ ਦਿਖਾਇਆ । ਉਹਨਾ ਦਾ ਪਤੀ ਅਤੇ 21 ਸਾਲਾ ਪੁਤੱਰ ਵੀ ਇਸਦੀ ਭੇਂਟ ਚੜ੍ਹ ਗਏ, ਉਹਨਾਂ ਨੇ ਲੋਕਾਂ ਦੀ ਮਦਦ ਕਰਦਿਆਂ ਹੋਇਆਂ ਆਪਣੀ ਜਾਨ ਦਿੱਤੀ । ਬਹਿਰਹਾਲ ਉਹਨਾਂ ਨੇ ਤਾਂ ਇਕ ਨੇਕੀ ਖ਼ਾਤਰ ਨੇਕ ਉਦੇਸ਼ ਖ਼ਾਤਰ ਜਾਨ ਦਿੱਤੀ, ਰੱਬ ਉਹਨਾਂ ਨਾਲ ਰਹਿਮ ਨਾ ਸੁਲੂਕ ਕਰੇ । ਇਹ ਅਤਿਅੰਤ ਦੁਖਦਾਈ ਘਟਨਾ ਹੈ ਅਤੇ ਓੱਥੋਂ ਦੇ ਮੁਸਲਮਾਨਾ ਨੇ ਤਾਂ ਬਹੁਤ ਸਬਰ ਤੇ ਹੌਂਸਲੇ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਹੋ ਇਕ ਮੁਸਲਮਾਨ ਤੋਂ ਆਸ ਕੀਤੀ ਜਾ ਸਕਦੀ ਹੈ ਅਤੇ ਇਹੋ ਪ੍ਰਗਟਾਵਾ ਹੈ ਜੋ ਮੁਸਲਮਾਨ ਨੂੰ ਕਰਨਾ ਚਾਹੀਦਾ ਹੈ ਪਰ ਕੁਝ ਕਟਰਪੰਥੀ ਦਲਾਂ ਨੇ ਇਹ ਐਲਾਨ ਕੀਤਾ ਹੈ ਕਿ ਅਸੀਂ ਇਸ ਦਾ ਬਦਲਾ ਲਿਆਂਗੇ, ਜੱਦ ਕਿ ਅਤਿਅੰਤ ਗ਼ਲਤ ਚੀਜ ਹੈ ਇਸ ਪ੍ਰਕਾਰ ਤਾਂ ਦੁਸ਼ਮਣੀਆਂ ਚਲਦੀਆਂ ਚਲੀ ਜਾਣਗੀਆਂ । ਰੱਬ ਕਰੇ ਕਿ ਇਸਲਾਮ ਅੰਦਰ ਜੋ ਕਟੱਰਪੰਥੀ ਦਲ ਹਨ ਉਹਨਾਂ ਦਾ ਖ਼ਾਤਮਾ ਹੋਵੇ ਅਤੇ ਇਸਲਾਮ ਦੀ ਹਕੀਕੀ ਤੇ ਸੁੰਦਰ ਸਿੱਖਿਆ ਦੁਨੀਆ ਵਿੱਚ ਫੈਲੇ ਅਤੇ ਮੁਸਲਮਾਨਾਂ ਨੂੰ ਵੀ ਰੱਬ ਇਹ ਤੌਫ਼ੀਕ ਪ੍ਰਦਾਨ ਕਰੇ । ਬਹੁ ਗਿਣਤੀ ਇਹਨਾ ਦੀ ਸਗੋਂ ਸਾਰੇ ਹੀ ਜ਼ਮਾਨੇ ਦੇ

ਇਮਾਮ ਨੂੰ ਮੰਨਣ ਵਾਲੇ ਹੋਣ ਅਤੇ ਤਾਂ ਜੋਂ ਫਿਰ ਇਕ ਹੋਕੇ ਦੁਨੀਆ ਵਿੱਚ ਹਕੀਕੀ ਇਸਲਾਮ ਅਤੇ ਸੁੰਦਰ ਸਿੱਖਿਆ ਨੂੰ ਫ਼ੈਲਾਇਆ ਜਾ ਸਕੇ ।

ਹਜ਼ੂਰ ਅਨਵਰ ਨੇ ਫ਼ਰਮਾਇਆ ਇਸ ਤੋਂ ਬਿਨਾ ਨਮਾਜ਼ਾਂ ਦੇ ਬਾਦ ਕੁਝ ਜਨਾਜ਼ਾਏ ਗ਼ੈਬ ਪੜ੍ਹਾਵਾਂਗਾ । ਪਹਿਲਾਂ ਨਮਾਜ਼ਾ ਜਨਾਜ਼ਾ ਮੌਲਾਨਾ ਖ਼ੁਰਸ਼ੀਦ ਅਹਮਦ ਅਨਵਰ ਸਾਹਬ ਦਾ ਹੈ ਜੋ ਕਾਦੀਆਂ ਵਿੱਚ ਵਕੀਲੁਲਮਾਲ ਤਹਿਰੀਕੇ ਜਦੀਦ ਸਨ । 19 ਮਾਰਚ ਨੂੰ 73 ਸਾਲ ਦੀ ਉਮਰ ਵਿੱਚ ਇਹਨਾ ਦੀ ਵਫ਼ਾਤ ਹੋਈ ਹੈ । اناللهواناالیہ راجعون ਰੱਬ ਦੀ ਮਿਹਰ ਨਾਲ ਮੂਸੀ ਸਨ । ਇਕ ਲੰਮੇ ਸਮੇਂ ਤੋਂ ਕੈਂਸਰ ਕਰਕੇ ਰੋਗੀ ਸਨ, ਪਰ ਬਹੁਤ ਸਬਰ ਤੇ ਹੌਂਸਲੇ ਨਾਲ ਆਪਨੇ ਇਸ ਰੋਗ ਦਾ ਸਾਹਮਣਾ ਕੀਤਾ । ਕਰੜੀ ਬਿਮਾਰੀ ਤੇ ਕਮਜ਼ੋਰੀ ਦੇ ਹੁੰਦਿਆਂ ਹੋਇਆਂ ਵੀ ਆਪਣੇ ਕਰਤਵਾਂ ਦੀ ਪੂਰਨਤਾ ਵਿੱਚ ਕੋਤਾਹੀ ਨਹੀਂ ਕੀਤੀ । ਬਕਾਇਦਗੀ ਨਾਲ ਦਫ਼ਤਰ ਆਉਂਦੇ, ਆਪਣੇ ਵਕਫ਼ ਨੂੰ ਅਖੀਰ ਦਮ ਤੱਕ ਸੋਹਣੇ ਢੰਗ ਨਾਲ ਜਿੱਥੋਂ ਤੱਕ ਸੰਭਵ ਹੋ ਸਕਦਾ ਸੀ ਨਿਭਾਉਣ ਦਾ ਜਤਨ ਕੀਤਾ ਸਗੋ ਜਿਸ ਪ੍ਰਕਾਰ ਹੱਕ ਪੂਰਾ ਕਰਨਾ ਚਾਹੀਦਾ ਸੀ ਮੈਂ ਸਮਝਦਾ ਹਾਂ ਕਿ ਉਹ ਹੱਕ ਪੂਰਾ ਕੀਤਾ ।

ਉਹਨਾਂ ਦੇ ਦਾਮਾਦ ਖ਼ਾਲਿਦ ਅਹਮਦ ਅਲਾਹਦੀਨ ਸਾਹਬ ਨੇ ਲਿੱਖਿਆ ਕਿ ਬਿਮਾਰੀ ਦੇ ਦਿਨਾਂ ਵਿੱਚ ਜੱਦ ਕਦੇ ਵੀ ਉਹਨਾਂ ਨੂੰ ਆਰਾਮ ਲਈ ਕਹਿੰਦਾ ਤਾਂ ਆਪ ਇਹੋ ਉੱਤਰ ਦਿੰਦੇ ਸਨ ਕਿ ਮੇਰੀ ਇਛੱਾ ਹੈ ਕਿ ਅਖ਼ੀਰ ਦਮ ਤੱਕ ਸੇਵਾ ਕਰਦਿਆਂ ਹੋਇਆਂ ਰੱਬ ਦੀ ਹਜ਼ੂਰੀ ਵਿੱਚ ਹਾਜ਼ਰ ਹੋ ਜਾਵਾਂ ਅਤੇ ਇਸ ਪ੍ਰਣ ਨੂੰ ਉਹਨਾ ਨੇ ਨਿਭਾਇਆ । ਅਤਿਅੰਤ ਅਗਿਆਕਾਰ, ਮਿਹਨਤੀ ਤੇ ਇਮਾਨਦਾਰ ਸਨ ਅਤੇ ਮਾਲੀ ਮਾਮਲਿਆਂ'ਤੇ ਡੂੰਘੀ ਨਿਗਾਹ ਰਖੱਣ ਵਾਲੇ ਸਨ । ਜੱਦ ਉਹਨਾਂ ਨੂੰ ਵਕੀਲੁਲਮਾਲ ਦਾ ਚਾਰਜ ਦਿਤੱਾ ਗਿਆ ਹੈ ਤਾਂ ਉਸ ਸਮੇਂ ਤਹਿਰੀਕੇ ਜਦੀਦ ਦਾ ਬਜਟ ਕੁਝ ਲੱਖ ਸੀ ਜੋ ਰੱਬ ਦੀ ਮਿਹਰ ਨਾਲ ਕਰੋੜਾਂ ਵਿੱਚ ਚਲਾ ਗਿਆ । ਅਲੱਾਹ ਤਆਲਾ ਉਹਨਾਂ ਦੇ ਦਰਜਾਤ ਬੁਲੰਦ ਕਰੇ । ਅਤੇ ਉਹਨਾਂ ਦੇ ਬੱਚਿਆਂ ਨੂੰ ਵੀ ਉਹਨਾ ਦੀਆਂ ਨੇਕੀਆਂ ਅਰੰਭ ਰਖੱਣ ਦੀ ਤੌਫ਼ੀਕ ਪ੍ਰਦਾਨ ਕਰੇ ।

ਦੂਜਾ ਨਮਾਜ਼ ਜਨਾਜ਼ਾ ਹੈ ਤਾਹਿਰ ਹੁਸੈਨ ਮੁਨਸ਼ੀ ਸਾਹਬ ਨਾਇਬ ਅਮੀਰ ਫ਼ਿਜੀ ਦਾ, ਜੋ 5 ਮਾਰਚ ਨੂੰ 72 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਏ । اناللهواناالیہراجعون ਫ਼ਿਜੀ ਜਮਾਤ ਦੇ ਚਿਰਾਂ ਦੇ ਸੇਵਕ ਸਨ । ਬਹੁਤ ਲੰਮਾ ਸਮਾਂ ਉਹਨਾਂ ਨੂੰ ਨਾਇਬ ਅਮੀਰ ਦੇ ਰੂਪ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ । ਅਤਿਅੰਤ ਨੇਕ ਦੁਅਵਾਂ ਕਰਨਾ ਵਾਲੇ ਪ੍ਰੇਮੀ ਤੇ ਵਫ਼ਾਦਾਰ ਬਜ਼ੁਰਗ ਇਨਸਾਨ ਸਨ । ਖ਼ਿਲਾਫ਼ਤ ਨਾਲ ਬਹੁਤ ਅਧਿਕ ਵਫ਼ਾਦਾਰੀ ਦਾ ਸੰਬੰਧ ਸੀ । ਦੂਜਿਆਂ ਨੂੰ ਵੀ ਖ਼ਿਲਾਫ਼ਤ ਦੇ ਸਸਮਾਨ ਅਤੇ ਆਗਿਆਕਾਰੀ ਲਈ ਕਿਹਾ ਕਰਦੇ ਸਨ । ਆਪਣਾ ਉੱਤਮ ਨਮੂਨਾ ਵੀ ਹਰ ਸਮੇਂ ਦਿਖਾਉਂਦੇ ਰਹਿੰਦੇ ਸਨ । ਕਦੇ ਕਿਸੇ ਗੱਲ ਉਪੱਰ ਮਤਿਭੇਦ ਹੁੰਦਾ ਤਾਂ ਜੱਦ ਪਤਾ ਲਗੱਦਾ ਕਿ ਖ਼ਲੀਫ਼ਤੁਲ ਮਸੀਹ ਦੀ ਰਾਏ ਇਸ ਬਾਰੇ ਇਹ ਹੈ ਤਾਂ ਝੱਟ ਆਪਣੀ ਰਾਏ ਛੱਡ ਦਿੰਦੇ ।

ਤੀਜਾ ਜਨਾਜ਼ਾ ਹੈ ਮੂਸਾ ਸਿਸਕੋ ਸਾਹਬ ਜੋ ਮਾਲੀ ਦੇ ਬਸ਼ਿੰਦੇ ਹਨ, 15 ਫ਼ਰਵਰੀ ਨੂੰ ਇਹਨਾ ਦੀ ਵਫ਼ਾਤ ਹੋਈ । اناللهواناالیہراجعون । ਨਵੰਬਰ 2012 ਈ. ਵਿੱਚ ਅਹਮਦੀਅਤ ਕੁਬੂਲ ਕਰਨ ਦੀ ਤੌਫ਼ੀਕ ਮਿਲੀ । 2013 ਈ. ਵਿੱਚ ਇਹਨਾ ਨੂੰ ਵਸਕਾਸੋ ਸ਼ਹਿਰ ਵਿੱਚ ਜਮਾਤ ਦੇ ਰੇਡੀਓ ਸਟੇਸ਼ਨ ਦੇ ਅਰੰਭ ਵਿੱਚ ਰੇਡੀਓ ਦਾ ਡਾਇਰੈਕਟਰ ਅਤੇ ਇਸੇ ਸਾਲ ਸਦਰ ਜਮਾਤ ਵੀ ਨਿਯੁਕਤ ਕੀਤਾ ਗਿਆ । ਰੇਡੀਓ ਸਟੇਸ਼ਨ ਦੀ ਸਥਾਪਨਾ ਦੇ ਬਾਦ ਵਸਕਾਸੋ ਰੀਜਨ ਵਿੱਚ ਅਸਾਧਾਰਨ ਵਿਰੋਧਤਾ ਦਾ ਸਾਹਮਣਾ ਸੀ । ਉਸ ਸਮੇਂ ਇਹਨਾ ਨੇ ਬਹੁਤ ਦਾਨਾਈ, ਸਬਰ ਤੇ ਹੌਂਸਲੇ ਨਾਲ ਹਾਲਾਤ ਦਾ ਸਾਹਮਣਾ ਕੀਤਾ ਅਤੇ ਸਾਰੀਆਂ ਸਮੱਸਿਆਵਾਂ ਦਾ ਹੱਲ ਕੱਢਿਆ । ਬੈਅਤ ਦੇ ਬਾਦ

ਇਹਨਾ ਨੇ ਆਪਣੇ ਆਪ ਨੂੰ ਜਮਾਤੀ ਕੰਮਾ ਲਈ ਵਕਫ਼ ਕਰ ਦਿਤੱਾ ਸੀ । ਨਮਾਜ਼ ਬਾ ਜਮਾਤ ਤੋਂ ਬਿਨਾ ਬਕਾਇਦਗੀ ਨਾਲ ਨਮਾਜ਼ ਤਹਜੁੱਦ ਪੜ੍ਹਿਆ ਕਰਦੇ ਸਨ । ਬਹੁਤ ਨੇਕ ਤੇ ਵਫ਼ਾਦਾਰ ਇਨਸਾਨ ਸਨ । ਖ਼ਿਲਾਫ਼ਤ ਨਾਲ ਅਸਾਧਾਰਣ ਪ੍ਰੇਮ ਸੀ ਅਤੇ ਖ਼ਿਲਾਫ਼ਤ ਦੀ ਹਰ ਤਹਿਰੀਕ ਵਿੱਚ ਪਹਿਲ ਕਰਦੇ ਸਨ ।

ਅਲੱਾਹ ਤਆਲਾ ਇਹਨਾਂ ਸਾਰਿਆਂ ਦੇ ਦਰਜੇ ਬੁਲੰਦ ਕਰੇ ਅਤੇ ਇਹਨਾਂ ਦੀਆਂ ਸੰਤਾਨਾ ਨੂੰ ਵੀ ਨੇਕੀਆਂ ਦੀ ਤੌਫ਼ੀਕ ਪ੍ਰਦਾਨ ਕਰੇ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 22.03.2019**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131